ਡਾਇਰੈਕਟੋਰੇਟ

ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ,

ਐਸ.ਸੀ.ਓ.ਨੰ: 148-149, ਸੈਕਟਰ 34-ਏ, ਚੰਡੀਗੜ੍ਹ

ਵੱਲ

1. ਵਿਸ਼ੇਸ਼ ਕਾਰਜ ਅਫਸਰ (ਵਜੀਫਾ),
ਦਫਤਰ ਡਾਇਰੈਕਟਰ ਸਿੱਖਿਆ ਵਿਭਾਗ,
ਪੰਜਾਬ।

2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), (ਐਲ.ਸਿ).
ਪੰਜਾਬ

ਮੀਮੋ ਨੰਬਰ 34709-731

ਮਿਤੀ, ਚੰਡੀਗੜ੍ਹ 15/11/19

ਵਿਸ਼ਾ: ਭਾਰਤ ਸਰਕਾਰ ਘੱਟ ਗਿਣਤੀ ਮੰਤਰਾਲੇ, ਨਵੀਂ ਦਿੱਲੀ ਵੱਲੋਂ ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਲਈ ਚਲਾਈਆ ਜਾ ਰਹੀਆਂ ਸਕੀਮਾਂ ਦੇ ਸਬੰਧ ਵਿੱਚ ਮਿਤੀ 08-11-2019 ਨੂੰ ਹੋਈ ਵੀਡਿਓ ਕਾਨਫਰੰਸ ਰਾਹੀਂ ਦਿੱਤੇ ਗਏ ਨਿਰਦੇਸ਼ਾ ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ।

ਭਾਰਤ ਸਰਕਾਰ ਘੱਟ ਗਿਣਤੀ ਮੰਤਰਾਲੇ ਵੱਲੋਂ ਵਿੱਦਿਅਕ ਸੈਸ਼ਨ 2019-20 ਦੌਰਾਨ ਘੱਟ ਗਿਣਤੀ ਵਰਗ ਲਈ ਚਲਾਈਆ ਜਾ ਰਹੀ ਸਕੀਮਾਂ ਸਬੰਧੀ ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਸੰਸਥਾਵਾਂ ਦੇ KYC ਫਾਰਮ ਅਪਰੂਵ ਕਰਵਾਉਣ ਲਈ ਮਿਤੀ 08-11-2019 ਨੂੰ ਹੋਈ ਵੀਡਿਓ ਕਾਨਫਰੰਸ ਵਿੱਚ ਇਹ ਨਿਰਦੇਸ਼ ਦਿੱਤੇ ਗਏ ਹਨ ਕਿ ਜਿਹੜੀਆਂ ਸੰਸਥਾਵਾਂ ਦੇ KYC ਫਾਰਮ ਅਪਲਾਈ ਹੋ ਗਏ ਹਨ ਪਰ ਕਿਸੇ ਕਾਰਨ ਕਰਕੇ ਅਜੇ ਸੰਸਥਾਵਾਂ ਵੱਲੋਂ ਪੋਰਟਲ ਤੇ ਅਪਰੂਵ ਨਹੀਂ ਕਰਵਾਏ ਗਏ ਹਨ, ਉਨ੍ਹਾਂ ਨੂੰ ਤੁਰੰਤ ਅਪਰੂਵ ਕਰਵਾਇਆ ਜਾਵੇ।

ਘੱਟ ਗਿਣਤੀ ਵਰਗ ਦੇ ਫਰੈਸ਼ ਅਤੇ ਰਿਨਿਊਲ ਵਿਦਿਆਰਥੀਆਂ ਲਈ ਸਕਾਲਰਸ਼ਿਪ ਪੋਰਟਲ ਤੇ ਆਨ ਲਾਇਨ ਅਪਲਾਈ ਕਰਨ ਦੀ ਆਖਰੀ ਮਿਤੀ 15-11-2019 ਹੈ । ਸੰਸਥਾਵਾਂ ਵੱਲੋਂ ਰਿਨਿਊਲ ਦਰਖਾਸਤਾ ਆਨਲਾਇਨ ਫਾਰਵਰਡ ਕਰਨ ਦੀ ਆਖਰੀ ਮਿਤੀ 15-11-2019 ਤੇ ਫਰੈਸ਼ ਦਰਖਾਸਤਾਂ ਨੂੰ ਆਨਲਾਇਨ ਫਾਰਵਰਡ ਕਰਨ ਦੀ ਆਖਰੀ ਮਿਤੀ 30-11-2019 ਨਿਸ਼ਚਿਤ ਕੀਤੀ ਗਈ ਹੈ।

ਇਸ ਲਈ ਲਿਖਿਆ ਜਾਂਦਾ ਹੈ ਕਿ ਭਾਰਤ ਸਰਕਾਰ ਘੱਟ ਗਿਣਤੀ ਮੰਤਰਾਲੇ ਵੱਲੋਂ ਜਾਰੀ ਹਦਾਇਤਾ ਅਨੁਸਾਰ ਆਪ ਦੇ ਅਧੀਨ ਆਉਂਦੀਆਂ ਸੰਸਥਾਵਾ ਵੱਲੋਂ KYC ਫਾਰਮ ਨੂੰ ਅਪਰੂਵ ਕਰਵਾਉਣ ਸਬੰਧੀ ਕਾਰਵਾਈ ਕਰਦੇ ਹੋਏ ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਦੀਆਂ ਦਰਖਾਸਤਾਂ ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਮਿਤੀ 15-11-2019 ਤੱਕ ਆਨ ਲਾਈਨ ਦਰਜ ਕਰਵਾ ਕੇ ਸਮੇ ਸਿਰ ਸੰਸਥਾਵਾਂ ਤੇ ਦਰਖਾਸਤਾ ਆਨ ਲਾਈਨ ਫਾਰਵਰਡ ਕਰਵਾਉਣ ਲਈ ਸਮੂਹ ਵਿੱਦਿਅਕ ਸੰਸਥਾਵਾਂ ਨੂੰ ਪਾਬੰਦ ਕਰੋਗੇ । ਇਸ ਤੋਂ ਇਲਾਵਾ ਹੋਰ ਵਧੇਰੇ ਜਾਣਕਾਰੀ ਲਈ ਵੈਬਸਾਇਟ www.scholarships.gov.in ਨੂੰ ਨਿਰੰਤਰ ਚੈਕ ਕੀਤਾ ਜਾ ਸਕਦਾ ਹੈ ਜੀ।

ਪਰਮਿੰਦਰ ਸਿੰਘ ਗਿੱਲ
ਡਿਪਟੀ ਡਾਇਰੈਕਟਰ

ਪਿੱਠ ਅੰਕਣ ਨੰਬਰ: ਮਿਤੀ, ਚੰਡੀਗੜ੍ਹ

ਉਪਰੋਕਤ ਦਾ ਉਤਾਰਾ ਸਮੂਹ ਜਿਲ੍ਹਾ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਅਫਸਰਾਂ ਨੂੰ Email ਰਾਂਹੀ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਅਧੀਨ ਆਉਂਦੀਆਂ ਸਮੂਹ ਵਿੱਦਿਅਕ ਸੰਸਥਾਵਾਂ ਨਾਲ ਨਿੱਜੀ ਪੱਧਰ ਤੇ ਸੰਪਰਕ ਕਰਕੇ KYC ਫਾਰਮ ਅਪਰੂਵ ਕਰਵਾਏ ਜਾਣ ਅਤੇ ਵਿਦਿਆਰਥੀਆਂ ਦੀ ਦਰਖਾਸਤਾਂ ਮਿਤੀ 15-11-2019 ਤੱਕ ਦਰਜ ਕਰਵਾ ਕੇ ਸਮੇ-ਸਿਰ ਸੰਸਥਾਵਾਂ ਤੋਂ ਆਨਲਾਇਨ ਵੈਰੀਫਾਈ ਕਰਵਾਉਣਾ ਯਕੀਨੀ ਬਣਾਈ ਜਾਵੇ।

ਪਰਮਿੰਦਰ ਸਿੰਘ ਗਿੱਲ
ਡਿਪਟੀ ਡਾਇਰੈਕਟਰ

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ. ਸਿ) ਪੰਜਾਬ, ਐਸ.ਏ.ਐਸ.ਨਗਰ।
ਪਿੱਠ ਅੰਕਣ ਨੰ: 7/1-196(2) ਮਿਤੀ:-

ਉਪਰੋਕਤ ਦਾ ਉਤਾਰਾ ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿ.) ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

15/11/19
ਸਹਾ. ਡਾਇਰੈਕਟਰ (ਵਜੀਫਾ)

Scanned by CamScanner

## ਦਫਤਰ ਜਿਲ੍ਹਾ ਸਿਖਿਆ ਅਫਸਰ (ਸੈ.ਸਿ) ਅੰਮ੍ਰਿਤਸਰ

ਅੱਜ ਹੀ / ਅਤੀ ਜ਼ਰੂਰੀ

ਮੀਮੋ ਨੰ: ਜੀ-6/19- 2019389093 ਮਿਤੀ : 15/11/2019

ਉਪਰੋਕਤ ਪੱਤਰ ਮੂਲ ਰੂਪ ਵਿਚ ਜਿਲਾ ਅੰਮ੍ਰਿਤਸਰ ਦੇ ਸਮੂਹ ਸਰਕਾਰੀ/ਮਾਨਤਾ ਪ੍ਰਾਪਤ/ ਏਡਿਡ ਅਤੇ ਪ੍ਰਾਇਵੇਟ ਸਕੂਲ ਮੁਖੀ (ਮਿਡਲ/ਹਾਈ/ਸੀਨੀਅਰ ਸੈਕੰਡਰੀ ) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਦਿੱਤੇ ਸਮੇ ਸਾਰਣੀ ਦੀ ਪਾਲਣਾ ਕਰਦੇ **NSP PORTAL** ਤੇ ਤੁਰੰਤ ਵਿਦਿਆਰਥੀ **ਅੱਜ ਹੀ ਆਪਣੀ ਆਈ.ਡੀ. ਵਿਚੋ** ਅਪਰੂਵ ਕਰ ਦਿੱਤੇ ਜਾਣ । ਆਪ ਵੱਲੋ ਵਿਦਿਆਰਥੀ ਫਾਰਵਰਡ ਨਾ ਕਰਨ ਕਾਰਨ ਜੇਕਰ ਕੋਈ ਵੀ ਵਿਦਿਆਰਥੀ ਵਜੀਫਾ ਅਪਲਾਈ ਕਰਨ ਤੋ ਵਾਂਝਾ ਰਹਿ ਜਾਂਦਾ ਹੈ ਤਾਂ ਇਸ ਦੀ ਨਿੱਜੀ ਜਿੰਮੇਵਾਰੀ ਸਕੂਲ ਮੁਖੀ ਦੀ ਫਿਕਸ ਕੀਤੀ ਜਾਵੇਗੀ ।

(Sd) 15/11/19
ਜਿਲਾ ਸਿਖਿਆ ਅਫਸਰ(ਸੈ.ਸਿ.)
ਅੰਮ੍ਰਿਤਸਰ ।
15/11/2019